# ਬੱਚਿਆਂ ਅਤੇ ਜਵਾਨਾਂ ਲਈ ਕੋਵਿਡ-19 ਦਾ ਟੈੱਸਟ

## COVID-19 testing for children and youth

---

### ਆਪਣੇ ਬੱਚੇ ਨੂੰ ਟੈੱਸਟ ਲਈ ਕਦੋਂ ਲੈ ਕੇ ਜਾਣਾ ਹੈ

**When to take your child for a test**

ਬੱਚਿਆਂ ਨੂੰ ਸਕੂਲ ਭੇਜਣ ਤੋਂ ਪਹਿਲਾਂ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਹਰ ਰੋਜ਼ ਬੱਚਿਆਂ ਵਿਚ ਬਿਮਾਰੀ ਦੇ ਮੁੱਖ ਲੱਛਣਾਂ ਵੱਲ ਧਿਆਨ ਦੇਣਾ ਚਾਹੀਦਾ ਹੈ। K-12 ਸਕੂਲ ਪਬਲਿਕ ਹੈਲਥ ਗਾਈਡੈਂਸ ਦੀ ਅੰਤਿਕਾ ਸੀ. ਹਰ ਰੋਜ਼ ਚੈੱਕ ਕਰਨ ਲਈ ਉਦਾਹਰਨ ਦਿੰਦਾ ਹੈ। ਜੇ ਤੁਹਾਡੇ ਬੱਚੇ ਵਿਚ ਕੋਈ ਇੱਕ ਲੱਛਣ 24 ਘੰਟਿਆਂ ਤੋਂ ਜ਼ਿਆਦਾ ਸਮੇਂ ਲਈ ਰਹਿੰਦਾ ਹੈ, ਬੁਖ਼ਾਰ, ਜਾਂ ਲਿਸਟ ਵਿਚਲੇ ਦੋ ਹੋਰ ਲੱਛਣ ਤਾਂ ਉਨ੍ਹਾਂ ਵੱਲ ਧਿਆਨ ਕਰਨਾ ਚਾਹੀਦਾ ਹੈ। ਇਹ ਪਤਾ ਕਰਨ ਲਈ ਕਿ ਤੁਹਾਡੇ ਬੱਚੇ ਲਈ ਟੈੱਸਟ ਦੀ ਲੋੜ ਹੈ ਕਿ ਨਹੀਂ ਤੁਸੀਂ the COVID-19 assessment tool ਦੀ ਵਰਤੋਂ ਕਰ ਸਕਦੇ ਹੋ।

ਜ਼ੁਕਾਮ ਜਾਂ ਇਨਫਲੂਐਂਜ਼ੇ ਜਾਂ ਕੋਵਿਡ-19 ਜਿਹੇ ਲੱਛਣਾਂ ਵਾਲੇ ਕਿਸੇ ਵੀ ਵਿਅਕਤੀ ਲਈ ਟੈੱਸਟਿੰਗ ਉਪਲਬਧ ਹੈ।

### ਟੈੱਸਟ ਲਈ ਤਿਆਰੀ ਕੀ ਕਰਨੀ ਹੈ

**How to prepare for the test**

ਬੱਚਿਆਂ ਅਤੇ ਨੌਜਵਾਨਾ ਵਿੱਚ ਕੋਵਿਡ-19 ਦੇ ਟੈੱਸਟ ਲਈ ਨਮਕੀਨ ਪਾਣੀ ਦੀ ਚੁਲੀ ਅਤੇ ਗਰਾਰੇ ਕਰ ਕੇ ਪਾਣੀ ਟਿਊਬ ਵਿਚ ਪਾਉਣ, ਜਾਂ ਨੱਕ ਵਿਚੋਂ ਰੂੰ ਲੱਗੀ ਸਲਾਈ ਨਾਲ ਸੈਂਪਲ ਲੈਣ ਨਾਲ ਕੀਤਾ ਜਾਂਦਾ ਹੈ। ਕਿਨਰਗਾਰਟਨ ਤੋਂ 12 ਵੀਂ ਕਲਾਸ ਦੇ ਬੱਚੇ ਕੋਵਿਡ-19 ਸੈਂਪਲ ਇਕੱਠਾ ਕਰਨ ਵਾਲੇ ਸੈਂਟਰ ਵਿਚ ਗਰਾਰੇ ਕਰ ਕੇ ਆਪਣਾ ਸੈਂਪਲ ਦੇ ਕਦੇ ਹਨ। ਨੱਕ ਵਿਚੋਂ ਸੈਂਪਲ ਲੈਣ ਵਾਲਾ ਟੈੱਸਟ ਉਨ੍ਹਾਂ ਬੱਚਿਆ ਦਾ ਕੀਤਾ ਜਾਂਦਾ ਹੈ ਜੋ ਗਰਾਰੇ ਕਰਨ ਵਾਲੇ ਨਿਰਦੇਸ਼ਾਂ ਦੀ ਪਾਲਨਾ ਨਹੀਂ ਕਰ ਸਕਦੇ। ਇਨ੍ਹਾਂ ਵਿਚੋਂ ਕੋਈ ਵੀ ਟੈੱਸਟ ਤੁਹਾਡੇ ਬੱਚੇ ਵਿਚ ਕੋਵਿਡ-19 ਹੈ ਕਿ ਨਹੀਂ ਦੀ ਠੀਕ ਦੀ ਪਹਿਚਾਣ ਕਰ ਸਕਦਾ ਹੈ।

ਤੁਹਾਡੇ ਤੋਂ ਅਤੇ ਤੁਹਾਡੇ ਬੱਚੇ ਤੋਂ ਕੋਵਿਡ-19 ਦੇ ਟੈੱਸਟ ਦੌਰਾਨ ਕੀ ਉਮੀਦ ਕੀਤੀ ਜਾਂਦੀ ਹੈ ਲਈ ਇਹ ਵੀਡੀਓ ਦੇਖੋ।

ਦੇਖੋ: ਸਕੂਲੀ ਬੱਚਿਆਂ ਲਈ ਗਰਾਰੇ ਕਰਨ ਰਾਹੀ ਕੋਵਿਡ-19 ਦਾ ਟੈੱਸਟ

ਦੇਖੋ: ਕੋਵਿਡ-19 ਦੇ ਟੈੱਸਟ ਲਈ ਨੱਕ ਵਿਚੋਂ ਸਵੈਬ ਨਾਲ ਸੈਂਪਲ ਇਕੱਠਾ ਕਰਨਾ

ਸੈਂਪਲ ਇਕੱਠਾ ਕਰਨ ਵਾਲੇ ਸੈਂਟਰ ਵਿਚ ਜਾਣ ਤੋਂ ਪਹਿਲਾਂ ਮੂੰਹ ਵਿਚ ਪਾਣੀ ਜਾਂ ਨਮਕੀਨ ਪਾਣੀ ਭਰ ਕੇ ਗਰਾਰੇ ਕਰਨ ਅਤੇ ਟਿਊਬ ਵਿਚ ਥੁੱਕਣ ਦਾ ਅਭਿਆਸ ਕਰੋ। ਇਹ ਸੁਨਿਸ਼ਚਿਤ ਕਰੋ ਕਿ ਟੈੱਸਟ ਲਈ ਜਾਣ ਤੋਂ ਦੋ ਘੰਟੇ ਪਹਿਲਾਂ ਅਭਿਆਸ ਕੀਤਾ ਜਾਏ। ਬੱਚੇ ਨੂੰ ਸਮਝਾਓ ਕਿ ਅਭਿਆਸ ਕਰਦੇ ਸਮੇਂ ਨਾ ਹੀ ਪਾਣੀ ਪੀਣਾ ਹੈ ਅਤੇ ਨਾ ਹੀ ਗੱਲਾਂ ਕਰਨੀਆਂ ਹਨ।

ਆਪਣੇ ਬੱਚੇ ਨੂੰ ਸਮਝਾਓ ਕਿ ਚੁਲੀ ਕਰਨ ਅਤੇ ਗਰਾਰੇ ਵਾਲੇ ਟੈੱਸਟ ਤੋਂ ਇੱਕ ਘੰਟਾ ਪਹਿਲਾਂ ਕੋਈ ਚੀਜ਼ ਖਾਣੀ ਪੀਣੀ (ਪਾਣੀ ਵੀ) ਨਹੀਂ, ਚਵਿੰਗਮ, ਵੈਪ, ਸਿਗਰਟ ਨਹੀਂ ਪੀਣੀ, ਟੁੱਥਪੇਸਟ ਆਦਿ ਨਹੀਂ ਕਰਨੀ। । ਇਹ ਸੁਨਿਸ਼ਚਿਤ ਕਰੋ ਕਿ ਟੈੱਸਟ ਲਈ ਜਾਣ ਤੋਂ ਦੋ ਘੰਟੇ ਅੰਦਰ ਚੁਲੀਆਂ ਅਤੇ ਗਰਾਰਿਆਂ ਵਾਲਾ ਅਭਿਆਸ ਬੱਚਾ ਨਾ ਕਰੇ। ਇਹ ਮੂੰਹ ਵਿਚਲੇ ਵਾਇਰਸ ਦੀ ਮਾਤਰਾ ਤੇ ਅਸਰ ਕਰ ਸਕਦਾ ਹੈ ਅਤੇ ਇਸ ਦਾ ਅਸਰ ਟੈੱਸਟ ਦੇ ਨਤੀਜੇ ਤੇ ਹੋ ਸਕਦਾ ਹੈ।ਕੀਤਾ ਜਾਏ।

### ਸੈਂਪਲ ਇਕੱਠਾ ਕਰਨ ਵਾਲੇ ਸੈਂਟਰ ਦਾ ਪਤਾ ਕਰੋ ਜਿੱਥੇ ਤੁਹਾਡੇ ਬੱਚੇ ਦਾ ਟੈੱਸਟ ਹੋਣਾ ਹੈ

**Find a collection centre where your child can be tested**

ਆਪਣੇ ਮੋਬਾਈਲ ਜਾਂ ਕੰਪਿਊਟਰ ਤੇ ਸੈਂਟਰ ਦਾ ਪਤਾ ਕਰੋ ਜਾਂ 8-1-1 ਤੇ ਫ਼ੋਨ ਕਰ ਕੇ ਨੇੜੇ ਵਾਲੇ ਸੈਂਟਰ ਦਾ ਪਤਾ ਕਰੋ